ਸੁਰਤਿ ਹੋਵੈ ਪਤਿ ਊਗਵੈ

(ਸੰਪਾਦਕ: ਅਨੰਤ ਪ੍ਰਵਾਹ ਟ੍ਰੱਸਟ ਯ.ਕੇ.)

ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬਾਣੀ "ਜਪੁ ਸਾਹਿਬ" ਵਿੱਚ ਬਚਨ ਆਉਂਦਾ ਹੈ:

- ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥

ਸਰਮ ਖੰਡ ਭਾਵ ਮਿਹਨਤ ਵਾਲੀ ਅਵਸਥਾ ਵਿੱਚ ਅੱਪੜੇ ਮਨੁੱਖਾਂ ਦੀ ਸੁਰਤਿ, ਮਤਿ, ਮਨ ਅਤੇ ਬੁਧਿ ਘੜੀ ਜਾਂਦੀ ਹੈ। ਮਨ ਦੀ ਵਿਚਾਰ ਵੱਖਰੇ ਸਿਰਲੇਖ ਹੇਠ ਕੀਤੀ ਜਾਵੇਗੀ। ਸਤਿਗੁਰਾਂ ਨੇ ਸੁਰਤਿ, ਮਤਿ ਅਤੇ ਬੁੱਧ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਤਿੰਨਾਂ ਗੁਣਾਂ ਦੀ ਅੱਡ-ਅੱਡ ਵਿਚਾਰ ਰਾਹੀਂ ਇਨ੍ਹਾਂ ਵਿਚਲੇ ਅੰਤਰ ਨੂੰ ਸਮਝਣ ਤੋਂ ਪਹਿਲਾਂ ਆਉ ਸੁਰਤਿ ਬਾਰੇ ਸਮਝਣ ਦਾ ਯਤਨ ਕਰੀਏ।

ਮਹਾਨਕੋਸ਼ ਅਨੁਸਾਰ ਸੁਰਤਿ ਦੇ ਕੁਝ ਅਰਥ ਇਸ ਪ੍ਰਕਾਰ ਹਨ:

(੧) ਚਿਤ-ਅੰਤਹਕਰਣ ਦਾ ਉਹ ਭੇਦ ਜਿਸ ਦਾ ਕੰਮ ਚੇਤਾ ਹੈ। (੨) ਧਿਆਨ, ਤਵੱਜੋ। (੩) ਉੱਤਮ ਪ੍ਰੀਤਿ, ਸ੍ਰੇਸ਼ਟ ਰੀਤ। (੪) ਸ਼ਰੁਤੀ ਵੇਦ। (੫) ਸੁਣਨ, ਸ੍ਰਵਣ ਸ਼ਕਤੀ। (੬) ਕੰਨ

ਅੰਤਹਕਰਣ-ਅੰਦਰ ਦੀ ਉਹ ਸ਼ਕਤੀ ਜਿਸ ਦੇ ਸੰਜੋਗ ਨਾਲ ਬਾਹਰਲੀਆਂ ਇੰਦ੍ਰੀਆਂ ਕੰਮ ਕਰਦੀਆਂ ਹਨ। ਅੰਤਹਕਰਣ ਦੇ ਚਾਰ ਭੇਦ ਹਨ:

੧. ਮਨ, ਜਿਸ ਕਰਕੇ ਸੰਕਲਪ ਵਿਕਲਪ ਫੁਰਦੇ ਹਨ।

੨. ਬੁਧਿ, ਜਿਸ ਤੋਂ ਵਿਚਾਰ ਅਤੇ ਨਿਸ਼ਚਾ ਹੁੰਦਾ ਹੈ।

੩. ਚਿੱਤ, ਜਿਸ ਕਰਕੇ ਸਿਮਰਨ (ਚੇਤਾ) ਹੁੰਦਾ ਹੈ।

੪. ਅਹੰਕਾਰ, ਜਿਸ ਤੋਂ ਪਦਾਰਥਾਂ ਨਾਲ ਆਪਣਾ ਸੰਬੰਧ ਹੁੰਦਾ ਹੈ, ਮੈਂ ਮਮਤਾ ਜਾਗਦੀ ਹੈ।

ਗੁਰਬਾਣੀ ਦਾ ਫੁਰਮਾਨ ਹੈ:

- ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ॥ ਸੁਰਤਿ ਹੋਵੈ ਪਤਿ ਊਗਵੈ ਗੁਰਬਚਨੀ ਭਉ ਖਾਇ॥
ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ॥ (੧੮)

"ਆਪੇ ਲਏ ਮਿਲਾਏ" ਪਰਵਚਨ ਵਿਚਲੇ ਸੰਕੇਤ ਸਮਝਣੇ ਜ਼ਰੂਰੀ ਹਨ। ਸ਼ੁਭ ਗੁਣਾਂ ਨੂੰ ਧਾਰਨ ਕਰਨਾ, ਅਵਗੁਣਾਂ ਨੂੰ ਤਿਆਗਣਾ ਅਤੇ ਪ੍ਰਭੂ ਦੀ ਸਿਫ਼ਤਿ ਸਲਾਹ ਕਰਦਿਆਂ ਈਸ਼ਵਰੀ ਗੁਣਾਂ ਵਿੱਚ ਸਮਾਉਣਾ (ਗੁਣਿ, ਕਹਿ, ਗੁਣੀ ਸਮਾਉਣਾ)। ਏਨੀਆਂ ਪ੍ਰਾਪਤੀਆਂ ਨਾਲ ਵੀ ਪ੍ਰਭੂ ਦਾ ਸਾਖਸ਼ਾਤ ਮਿਲਾਪ ਜੀਵ ਦੇ ਆਪਣੇ ਵੱਸ ਵਿੱਚ ਨਹੀਂ ਹੈ, ਸਗੋਂ ਕਰਤਾਪੁਰਖ ਦੀ ਆਪਣੀ ਕ੍ਰਿਪਾ ਦੇ ਅਧੀਨ ਹੈ। ਜੀਵ ਦਾ ਫ਼ਰਜ਼ ਹੈ ਕਿ ਉਹ ਆਪਾ ਭਾਵ ਗੁਆ ਕੇ ਪੂਰਨ ਸਮਰਪਣ ਦੀ ਸ਼ਰਧਾ ਬਣਾਈ ਰੱਖੇ ਅਤੇ ਫਿਰ **"ਨਦਰੀ ਨਦਰ ਨਿਹਾਲ"** ਕਰ ਦੇਣਾ ਉਸ ਦਾ ਬਿਰਦ ਹੈ। ਅਨੰਤ ਪ੍ਰਭੂ ਜਿਸ ਦਾ ਅੰਤ ਨਹੀਂ ਪਾਇਆ ਜਾ ਸਕਦਾ, ਅੰਤ ਹੋਣ ਵਾਲੇ ਜੀਵ ਨੂੰ ਆਪਣੇ ਵਿੱਚ ਮਿਲਾ ਲੈਂਦਾ ਹੈ। ਏਸੇ ਹੀ ਅਵਸਥਾ ਬਾਰੇ ਸਤਿਗੁਰਾਂ ਦਾ ਇਹ ਫੁਰਮਾਨ ਹੈ, **"ਬਾਹ ਪਕਰਿ ਪ੍ਰਿਅ ਸੇਜੈ ਆਨੀ"॥**

- ਫਾਹੀ ਸੁਰਤਿ ਮਲੂਕੀ ਵੇਸੁ॥ ਹਉ ਠਗਵਾੜਾ ਠਗੀ ਦੇਸੁ॥ **ਸੁਰਤਿ=ਰੁਚੀ**
ਖਰਾ ਸਿਆਣਾ ਬਹੁਤਾ ਭਾਰੁ॥ ਧਾਣਕ ਰੂਪਿ ਰਹਾ ਕਰਤਾਰ॥ (੨੪)

- ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥ **ਸੁਰਤਿ=ਲਿਵ, ਧਿਆਨ**

ਦੂਧੁ ਕਰਮ ਫੁਨਿ ਸੁਰਤਿ ਸਮਾਇਨੁ ਹੋਇ ਨਿਰਾਸ ਜਮਾਵਹੁ॥ (੭੨੮)

- ਏਕਾ ਸੁਰਤਿ ਜੇਤੇ ਹੈ ਜੀਅ॥ ਸੁਰਤਿ ਵਿਹੂਣਾ ਕੋਇ ਨ ਕੀਅ॥ ਸੁਰਤਿ=ਸੂਝ
ਜੇਹੀ ਸੁਰਤਿ ਤੇਹਾ ਤਿਨ ਰਾਹੁ॥ ਲੇਖਾ ਇਕੋ ਆਵਹੁ ਜਾਹੁ॥ (੨੪)

- ਦਰਮਾਦੇ ਠਾਢੇ ਦਰਬਾਰਿ॥ ਸੁਰਤਿ=ਖ਼ਬਰ ਲੈਣ, ਸਹਾਇਤਾ ਕਰਨੀ
ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ॥ (੮੫੬)

ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਦੀ ਹਾਲਤ ਇੰਜ ਹੈ ਕਿ ਉਸ ਨੂੰ ਦੇਣ ਵਾਲੇ ਪ੍ਰਮਾਤਮਾ ਨਾਲੋਂ ਉਸ ਦਾ ਦਿੱਤਾ ਹੋਇਆ ਪਦਾਰਥ ਚੰਗਾ ਲੱਗਦਾ ਹੈ। ਉਸ ਮਨੁੱਖ ਦੀ ਸੂਝ, ਅਕਲ ਤੇ ਸਿਆਣਪ ਇੰਨ੍ਹੀ ਨੀਵੀਂ ਹੈ ਜਿਸਦਾ ਲਫ਼ਜ਼ਾਂ ਰਾਹੀਂ ਬਿਆਨ ਨਹੀਂ ਹੋ ਸਕਦਾ।

- ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ ਪਰਮਿਤਿ ਬਾਹਰਿ ਖਿੰਥਾ॥
ਸੁੰਨ ਗੁਫਾ ਮਹਿ ਆਸਣੁ ਬੈਸਣੁ ਕਲਪ ਬਿਬਰਜਿਤ ਪੰਥਾ॥ (੩੩੪)

ਸੁਰਤਿ ਤੋਂ ਹੀ ਲਫ਼ਜ਼ ਸੁਰਤਾ ਬਣਿਆ ਹੈ। ਚੰਗੀ ਸੁਰਤਿ ਵਾਲੇ ਵਿਦਵਾਨ ਪੰਡਿਤ ਦੇ ਲੱਛਣ ਕਿਹੋ ਜੇਹੇ ਹਨ, ਇਸ ਬਾਰੇ ਸਤਿਗੁਰਾਂ ਦਾ ਫੁਰਮਾਨ ਹੈ:

- ਪਵਣੈ ਪਾਣੀ ਜਾਣੈ ਜਾਤਿ॥ ਕਾਇਆਂ ਅਗਨਿ ਕਰੇ ਨਿਭਰਾਂਤਿ॥
ਜੰਮਹਿ ਜੀਅ ਜਾਣੈ ਜੇ ਥਾਉ॥ ਸੁਰਤਾ ਪੰਡਿਤੁ ਤਾ ਕਾ ਨਾਉ॥ (੧੨੫੬)

ਸੁਰਤਿ ਦਾ ਇੱਕ ਅਰਥ ਇਹ ਵੀ ਹੈ:

- ਸਚਾ ਚਉਕਾ ਸੁਰਤਿ ਕੀ ਕਾਰਾ॥ ਹਰਿ ਨਾਮੁ ਭੋਜਨੁ ਸਚੁ ਆਧਾਰਾ॥
ਸਦਾ ਤ੍ਰਿਪਤਿ ਪਵਿਤ੍ਰ ਹੈ ਪਾਵਨੁ ਜਿਤੁ ਘਟਿ ਹਰਿ ਨਾਮੁ ਨਿਵਾਸੀ ਹੇ॥ (੧੦੪੮)

- ਸੁਰਤਿ ਮਤਿ ਚਤੁਰਾਈ ਸੋਭਾ ਰੂਪੁ ਰੰਗੁ ਧਨੁ ਮਾਣੁ॥
ਸਰਬ ਸੂਖ ਆਨੰਦ ਨਾਨਕ ਜਪਿ ਰਾਮ ਨਾਮੁ ਕਲਿਆਣੁ॥ (੧੩੨੩)

ਪਤਿ ਸਿਉ ਘਰਿ ਜਾਵਉ

ਸੁਰਤ ਕਾਇਮ ਹੋਵੇ, ਭਾਵ ਸੁਰਤ ਸਤਿਗੁਰਾਂ ਦੀ ਸਿੱਖਿਆ ਵਿੱਚ ਰਹਿਣਾ ਸਿੱਖ ਜਾਵੇ, ਸੁਰਤ ਪ੍ਰਭੂ ਚਰਨਾਂ ਵਿੱਚ ਜੁੜੀ ਰਹਿਣਾ ਮੰਨ ਜਾਵੇ ਤਾਂ ਪਤਿ, ਇੱਜ਼ਤ ਨਿਰੀ ਬਚੀ ਹੀ ਨਹੀਂ ਰਹਿੰਦੀ ਸਗੋਂ ਦਿਨੋ ਦਿਨ ਮਾਣ ਇੱਜ਼ਤ ਵਿੱਚ ਵਾਧਾ ਹੁੰਦਾ ਹੈ। ਪ੍ਰਭੂ ਦਰਬਾਰ ਵਿੱਚ ਵੀ ਅਜੇਹੇ ਮਨੁੱਖਾਂ ਨੂੰ ਆਦਰ ਮਾਣ ਮਿਲਦਾ ਹੈ। ਸਤਿਗੁਰਾਂ ਦਾ ਇਹ ਫੁਰਮਾਨ **"ਸੁਰਤਿ ਹੋਵੈ ਪਤਿ ਊਗਵੈ ਗੁਰਬਚਨੀ ਭਉ ਖਾਇ॥"** ਅਸਾਂ ਉਪਰ ਵਿਚਾਰਿਆ ਹੈ।

ਪਤ ਸ਼ਬਦ ਦੇ ਕੁਝ ਅਰਥ ਮਹਾਨਕੋਸ਼ ਅਨੁਸਾਰ ਇੰਜ ਮਿਲਦੇ ਹਨ: ਪ੍ਰਤਿਸ਼ਟਾ, ਵਡਿਆਈ, ਇੱਜ਼ਤ, ਪਤ੍ਰ, ਪੱਤਾ, **"ਪਤ ਪਰਾਪਤਿ ਛਾਵ ਘਣੀ॥"**

ਪਤਿ – ਪ੍ਰਤਿਸ਼ਟਾ, ਮਾਨ **"ਪਤਿ ਸੇਤੀ ਅਪਨੇ ਘਰਿ ਜਾਹੀ"**, ਪਤਿ ਰਾਖੀ ਗੁਰ ਪਾਰਬ੍ਰਹਮ, ਸੰਪਤਿ, ਸੰਪਦਾ, **"ਜਾਤਿ ਨ ਪਤਿ ਨ ਆਦਰੋ"**, **"ਨਾਇ ਮੰਨਿਐ ਪਤਿ ਊਪਜੈ"**, ਸੁਆਮੀ, ਆਕਾ, ਭਰਤਾ, ਖਾਵੰਦ ਆਦਿ।

ਮਤਿ

- ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥ (੨)

ਮਤਿ ਦਾ ਪਹਿਲਾ ਅਰਥ ਹਉਮੈ ਵਿੱਚ ਮਤਵਾਲਾ ਅਥਵਾ ਹੰਕਾਰ ਦੇ ਕਾਰਨ ਮਸਤ ਲਿਖਿਆ ਹੈ। ਇਸ ਅਰਥ ਨੂੰ ਗੁਰਮਤਿ ਅਨੁਕੂਲ ਸਿੱਧ ਕਰਨ ਲਈ **"ਮਾਤੰਗ ਮਤਿ ਅਹੰਕਾਰ"** ਗੁਰਬਾਣੀ ਦੀ ਪੰਗਤੀ ਲਿਖੀ ਮਿਲਦੀ ਹੈ:

- ਬਿਖੁ ਠਗਉਰੀ ਖਾਇ ਮੂਠੋ ਚਿਤਿ ਨ ਸਿਰਜਨਹਾਰ॥
ਗੋਬਿੰਦ ਗੁਪਤ ਹੋਇ ਰਹਿਓ ਨਿਆਰੋ ਮਾਤੰਗ ਮਤਿ ਅਹੰਕਾਰ॥ (੧੨੨੯)

ਇਸ ਗੁਰੂ ਫੁਰਮਾਨ ਤੋਂ ਇਹ ਤੱਥ ਵੀ ਸਪੱਸ਼ਟ ਹੋ ਰਿਹਾ ਹੈ ਕਿ ਪ੍ਰਭੂ ਸਾਰਿਆਂ ਜੀਵਾਂ ਵਿੱਚ ਹੁੰਦਾ ਹੋਇਆ ਹੀ ਹੰਕਾਰ ਗ੍ਰਸੀ ਮਤਿ ਵਾਲੇ ਮਨੁੱਖ ਲਈ ਗੁਪਤ ਰਹਿੰਦਾ ਹੈ। ਪ੍ਰਭੂ ਮਿਲਾਪ ਦੀ ਸਿੱਕ ਲਈ ਵਿਕਾਰਾਂ ਵਿੱਚ ਫਸੀ ਮਤਿ ਦਾ ਤਿਆਗ ਕਰਨ ਵਾਲਾ ਫੁਰਮਾਨ:

- ਮਤੜੀ ਕਾਂਢਕੁ ਆਹ ਪਾਵ ਧੋਵੰਦੋ ਪੀਵਸਾ॥ ਮੂ ਤਨਿ ਪ੍ਰੇਮੁ ਅਥਾਹ ਪਸਣ ਕੂ ਸਚਾ ਧਣੀ॥ (੧੦੯੯)

ਪੂਰਬਲੇ ਕਰਮਾਂ ਦੀ ਲਿਖਤ ਅਨੁਸਾਰ ਸਤਿਗੁਰਾਂ ਦੀ ਸਿੱਖਿਆ ਪ੍ਰਾਪਤ ਹੋਈ ਜਿਸ ਤੋਂ ਪ੍ਰਭੂ ਦੀਆਂ ਵਡਿਆਈਆਂ ਦੀ ਵਿਚਾਰ ਦੀ ਸੋਝੀ ਆਈ। ਗੁਰੂ ਗਿਆਨ ਦੀ ਬਰਕਤਿ ਨਾਲ ਨਾਮ ਦੀ ਪ੍ਰਾਪਤੀ ਹੋ ਗਈ, ਸੁਰਤਿ ਨਾਮ ਵਿੱਚ ਜੁੜ ਗਈ ਅਤੇ ਮਾਇਆ ਦੇ ਮੋਹ ਤੋਂ ਛੁਟਕਾਰਾ ਹੋ ਗਿਆ। ਮਲੀਨ ਅਤੇ ਖੋਟੀ ਮਤਿ ਵਿਕਾਰਾਂ ਤੋਂ ਸਾਫ਼ ਹੋ ਗਈ ਅਤੇ ਪ੍ਰਭੂ ਦੀ ਨੇੜਤਾ ਪ੍ਰਾਪਤ ਹੋ ਗਈ।

- ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ॥ ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ॥
ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ॥
ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ॥ (੧੬੩)

- ਮਨਿ ਪਰਤੀਤਿ ਬਨੀ ਪ੍ਰਭ ਤੇਰੀ॥ ਬਿਨਸਿ ਗਈ ਹਉਮੈ ਮਤਿ ਮੇਰੀ॥
ਅੰਗੀਕਾਰੁ ਕੀਆ ਪ੍ਰਭਿ ਅਪਨੈ ਜਗ ਮਹਿ ਸੋਭ ਸੁਹਾਈ ਹੇ॥ (੧੦੭੨)

- ਕਚੀ ਕੰਧ ਕਚਾ ਵਿਚਿ ਰਾਜੁ॥ ਮਤਿ ਅਲੂਣੀ ਫਿਕਾ ਸਾਦੁ॥
ਨਾਨਕ ਆਣੇ ਆਵੈ ਰਾਸਿ॥ ਵਿਣੁ ਨਾਵੈ ਨਾਹੀ ਸਾਬਾਸਿ॥ (੨੫)

ਮਤਿ ਮਾਤਾ

- ਗੁਰਮੁਖਿ ਜਿੰਦੂ ਜਪਿ ਨਾਮੁ ਕਰੰਮਾ॥ ਮਤਿ ਮਾਤਾ ਮਤਿ ਜੀਉ ਨਾਮੁ ਮੁਖਿ ਰਾਮਾ॥
ਸੰਤੋਖੁ ਪਿਤਾ ਕਰਿ ਗੁਰੁ ਪੁਰਖੁ ਅਜਨਮਾ॥ ਵਡਭਾਗੀ ਮਿਲੁ ਰਾਮਾ॥ (੧੭੨)

- ਪ੍ਰੇਮ ਭਗਤਿ ਪਰਵਾਹ ਪ੍ਰੀਤਿ ਪੁਬਲੀ ਨ ਹੁਟਇ॥ ਸਤਿਗੁਰ ਸਬਦੁ ਅਥਾਹੁ ਅਮਿਅ ਧਾਰਾ ਰਸੁ ਗੁਟਇ॥
ਮਤਿ ਮਾਤਾ ਸੰਤੋਖੁ ਪਿਤਾ ਸਰਿ ਸਹਜ ਸਮਾਯਉ॥ ਆਜੋਨੀ ਸੰਭਵਿਅਉ ਜਗਤੁ ਗੁਰ ਬਚਨਿ ਤਰਾਯਉ॥
ਅਬਿਗਤ ਅਗੋਚਰੁ ਅਪਰਪਰੁ ਮਨਿ ਗੁਰ ਸਬਦੁ ਵਸਾਇਅਉ॥
ਗੁਰ ਰਾਮਦਾਸ ਕਲ੍ਯੁਚਰੈ ਤੈ ਜਗਤ ਉਧਾਰਣੁ ਪਾਇਅਉ॥ (੧੩੯੭)

- ਮਾਤਾ ਮਤਿ ਪਿਤਾ ਸੰਤੋਖੁ॥ ਸਤੁ ਭਾਈ ਕਰਿ ਏਹੁ ਵਿਸੇਖੁ॥
ਕਹਣਾ ਹੈ ਕਿਛੁ ਕਹਣੁ ਨ ਜਾਇ॥ ਤਉ ਕੁਦਰਤਿ ਕੀਮਤਿ ਨਹੀ ਪਾਇ॥ (੧੫੧)

ਅਜਿਹੇ ਸਮਰੱਥ ਸਤਿਗੁਰਾਂ ਦੀ ਸਿੱਖਿਆ ਦੇ ਧਾਰਨੀ ਬਣ ਜਾਣ ਵਾਲੇ ਵਡਭਾਗੀ ਮਨੁੱਖ ਦੀ ਮੱਤਿ ਰਤਨਾਂ ਜਵਾਹਰਾਂ ਮਾਣਕਾਂ ਦੁਆਰਾ ਭਰਪੂਰ ਹੋ ਜਾਂਦੀ ਹੈ:

- ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥ (੨)

ਪੂਰੇ ਅਤੇ ਸਮਰੱਥ ਸਤਿਗੁਰੂ ਜੀ ਦੀ ਸਿੱਖਿਆ ਨੂੰ ਗ੍ਰਹਿਣ ਕਰ ਲੈਣ ਵਾਲੇ ਗੁਰਸਿੱਖ ਦੇ ਮਨ ਅੰਦਰ ਇੱਕੋ ਮਨੋਰਥ ਇੱਕੋ ਮੰਗ ਰਹਿ ਜਾਂਦੀ ਹੈ, ਹੇ ਸਮਰੱਥ ਸਤਿਗੁਰੂ ਜੀਓ! ਮੇਰੀ ਉਸ ਪ੍ਰਭੂ ਦਾਤਾਰ ਨਾਲ ਪੱਕੀ ਸਾਂਝ ਬਣਾ ਦਿਉ ਜੋ ਸਾਰੇ ਜੀਵਾਂ ਨੂੰ ਦਾਤਾਂ ਦੇ ਰਿਹਾ ਹੈ:

– ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ (੨)

ਸਤਿਗੁਰਾਂ ਦੀ ਮਿਹਰ ਸਦਕਾ ਗੁਰਸਿੱਖ ਦੀ ਅਵਸਥਾ ਅਜਿਹੀ ਬਣੇ ਜੋ ਹੋਰ ਮਾਇਕ ਮੰਗਾਂ ਭੁੱਲ ਕੇ ਪ੍ਰਭੂ ਦੇ ਚਰਨਾਂ ਵਿੱਚ ਸਦਾ ਇਹ ਅਰਦਾਸਾਂ ਕਰਨ ਨੂੰ ਦਿਲ ਲੋਚਦਾ ਰਹੇ:

– ਮਤਿ ਦੇਹਿ ਹਰਿ ਪ੍ਰਭ ਅਗਮ ਠਾਕੁਰ ਗੁਰ ਚਰਨ ਮਨੁ ਮੈ ਲਾਇਓ॥
ਹਰਿ ਰਾਮ ਨਾਮੈ ਰਹਉ ਲਾਗੋ ਜਨ ਨਾਨਕ ਨਾਮਿ ਸਮਾਇਓ॥ (੯੮੫)

– ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ॥
ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ॥ (੯੯੧)

ਮਤਿ ਪੰਖੇਰੂ

ਜਿਵੇਂ ਮਨ ਨੂੰ ਪੰਛੀ ਲਿਖਿਆ ਹੈ ਉਵੇਂ ਹੀ ਗੁਰਬਾਣੀ ਅੰਦਰ ਮਤਿ ਨੂੰ ਪੰਖੇਰੂ ਲਿਖਿਆ ਹੈ:

– ਮਤਿ ਪੰਖੇਰੂ ਕਿਰਤੁ ਸਾਥਿ ਕਬ ਉਤਮ ਕਬ ਨੀਚ॥ ਕਬ ਚੰਦਨਿ ਕਬ ਅਕਿ ਡਾਲਿ ਕਬ ਉਚੀ ਪਰੀਤਿ॥
ਨਾਨਕ ਹੁਕਮਿ ਚਲਾਈਐ ਸਾਹਿਬ ਲਗੀ ਰੀਤਿ॥ (੧੪੭)

– ਹਰਿ ਕਾ ਨਾਮੁ ਨਿਧਾਨੁ ਹੈ ਸੇਵਿਐ ਸੁਖੁ ਪਾਈ॥ ਨਾਮੁ ਨਿਰੰਜਨੁ ਉਚਰਾਂ ਪਤਿ ਸਿਉ ਘਰਿ ਜਾਂਈ॥
ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ॥ ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈਂ॥
ਨਾਨਕ ਆਪਿ ਦਇਆਲੁ ਹੋਇ ਨਾਮੇ ਲਿਵ ਲਾਈ॥ (੧੨੩੯)

ਮਤਿ ਦਾ ਇਹ ਪੱਖ ਮਨ ਦੀ ਚੰਚਲਤਾ ਵਾਲਾ ਹੀ ਹੈ। ਮਤ, ਮਨ, ਬੁੱਧ, ਚਿਤ, ਹੰਕਾਰ ਅਥਵਾ ਮਮਤਾ ਸਭ ਅੰਤਹਕਰਣ ਦੀਆਂ ਇੰਦ੍ਰੀਆਂ ਹੀ ਹਨ। ਸੋ ਇੱਕ ਦੂਜੇ ਵਿੱਚ ਰਲੇ ਮਿਲੇ ਹੋਣ ਕਰਕੇ ਮਤਿ ਅਤੇ ਮਨ ਵਿਚ ਅੰਤਰ ਕਰਨਾ ਔਖਾ ਹੋ ਜਾਂਦਾ ਹੈ। ਪਰ ਦੋਵੇਂ ਇੱਕੋ ਨਹੀਂ ਹਨ। ਅਗਲੇ ਗੁਰ ਫੁਰਮਾਨ ਵਿੱਚ ਮਨ ਅਤੇ ਮਤਿ ਦੋਵਾਂ ਦਾ ਜ਼ਿਕਰ ਹੈ:

– ਮਨ ਮੇਰੇ ਸਤਿਗੁਰੁ ਸੇਵਨਿ ਆਪਣਾ ਸੇ ਜਨ ਵਡਭਾਗੀ ਰਾਮ॥
ਜੋ ਮਨੁ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ॥
ਸੇ ਜਨ ਬੈਰਾਗੀ ਸਚਿ ਲਿਵ ਲਾਗੀ ਆਪਣਾ ਆਪੁ ਪਛਾਣਿਆ॥
ਮਤਿ ਨਿਹਚਲ ਅਤਿ ਗੂੜੀ ਗੁਰਮੁਖਿ ਸਹਜੇ ਨਾਮੁ ਵਖਾਣਿਆ॥
ਇਕ ਕਾਮਣਿ ਹਿਤਕਾਰੀ ਮਾਇਆ ਮੋਹਿ ਪਿਆਰੀ ਮਨਮੁਖ ਸੋਇ ਰਹੇ ਅਭਾਗੇ॥
ਨਾਨਕ ਸਹਜੇ ਸੇਵਹਿ ਗੁਰੁ ਅਪਣਾ ਸੇ ਪੂਰੇ ਵਡਭਾਗੇ॥ (੫੬੯)

ਮਨ ਵੱਸ ਵਿੱਚ ਆ ਜਾਵੇ ਅਥਵਾ ਮਨ ਵਿਕਾਰਾਂ ਵੱਲ ਭੱਜਣੋਂ ਹਟਿਆ ਰਹੇ ਤਾਂ ਮਤਿ ਦੀ ਭਟਕਣਾ ਅਤੇ ਸੋਚਣੀ ਵੀ ਸਥਿਰ ਹੋ ਜਾਂਦੀ ਹੈ। ਭਾਵ ਮਨ ਦਾ ਮਤਿ ਤੇ ਅਧਿਕਾਰ ਹੈ ਮਤਿ ਮਨ ਦੀਆਂ ਉਮੰਗਾਂ ਪਿੱਛੇ ਭੱਜਦੀ ਹੈ। ਮਨ ਦੀਆਂ ਕਾਮਨਾਵਾਂ ਪੂਰੀਆਂ ਕਰਨ ਲਈ ਮਤਿ ਆਪਣੇ ਘੋੜੇ ਦੌੜਾਂਦੀ ਹੈ। ਮਨ ਵਾਂਗ ਹੀ ਮਤਿ ਦੇ ਹੋਰ ਪੱਖ ਸਮਝਣ ਲਈ ਗੁਰਬਾਣੀ ਸ਼ਬਦਾਂ ਦੀ ਹੋਰ ਵਿਚਾਰ ਕਰਨ ਦੀ ਲੋੜ ਹੈ।

<u>ਮਨ-ਮਤਿ</u>

– ਭਉ ਮੁਚੁ ਭਾਰਾ ਵਡਾ ਤੋਲੁ॥ ਮਨ ਮਤਿ ਹਉਲੀ ਬੋਲੇ ਬੋਲੁ॥ ਸਿਰਿ ਧਰਿ ਚਲੀਐ ਸਹੀਐ ਭਾਰੁ॥ (੧੫੧)

– ਹਉਮੈ ਕਰਤਿਆ ਨਹ ਸੁਖੁ ਹੋਇ॥ ਮਨਮਤਿ ਝੂਠੀ ਸਚਾ ਸੋਇ॥
ਸਗਲ ਬਿਗੂਤੇ ਭਾਵੈ ਦੋਇ॥ ਸੋ ਕਮਾਵੈ ਧੁਰਿ ਲਿਖਿਆ ਹੋਇ॥ (੨੨੨)

– ਮਨ ਕੀ ਮਤਿ ਮਤਾਗਲੁ ਮਤਾ॥ ਜੋ ਕਿਛੁ ਬੋਲੀਐ ਸਭੁ ਖਤੋ ਖਤਾ॥
ਕਿਆ ਮੁਹੁ ਲੈ ਕੀਚੈ ਅਰਦਾਸਿ॥ ਪਾਪੁ ਪੁੰਨੁ ਦੁਇ ਸਾਖੀ ਪਾਸਿ॥ (੩੫੧)

ਮਤਿ ਤੇ ਮਨ ਦਾ ਪੂਰਾ ਅਧਿਕਾਰ ਸਪੱਸ਼ਟ ਹੋ ਰਿਹਾ ਹੈ। ਮਨ ਦੇ ਪਿੱਛੇ ਲੱਗ ਕੇ ਮਨਮਾਨੀ ਕਰਨ ਤੋਂ ਹਟਾਉਂਦੇ ਹੋਏ ਸਤਿਗੁਰੂ ਜੀ ਦਾ ਫੁਰਮਾਨ ਹੈ:

– ਅਨਿਕ ਉਪਾਵ ਚਿਤਵੀਅਹਿ ਬਹੁਤੇਰੇ ਸਾ ਹੋਵੈ ਜਿ ਬਾਤ ਹੋਵੈਨੀ॥
ਅਪਨਾ ਭਲਾ ਸਭੁ ਕੋਈ ਬਾਛੈ ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ॥
ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ॥
ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ॥
ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ ਜਿਉ ਭਾਵੈ ਤਿਵੈ ਬੁਲੈਨੀ॥ (੮੦੦)

– ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ॥ ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ॥ (੮੧੪)

ਮਤਿ ਚੰਗੀ ਹੋਣ ਬਾਰੇ, ਮਤਿ ਵਿੱਚ ਰਤਨਾਂ ਜਵਾਹਰਾਂ ਮਾਣਿਕਾਂ ਵਰਗੇ ਵਡਮੁਲੇ ਵਿਚਾਰ ਆ ਜਾਣ ਬਾਰੇ, ਅਥਵਾ ਮਤਿ ਵਿੱਚ ਰੱਬੀ ਜੋਤਿ ਦਾ ਪ੍ਰਕਾਸ਼ ਹੋ ਜਾਣ ਦੀ ਗੱਲ ਤਾਂ ਹੈ ਪਰ ਗੁਰਬਾਣੀ ਵਿੱਚ ਮਨ-ਮਤਿ ਨੂੰ ਕਿਸੇ ਵੀ ਥਾਂ ਸਲਾਹਿਆ ਨਹੀਂ ਗਿਆ ਹੈ। ਮਨ ਨੇ ਮਤਿ ਨੂੰ ਸਦਾ ਕਾਮਨਾ ਨਾਲ ਹੀ ਜੋੜਿਆ ਹੈ, ਭਾਵ ਮਨਮਤਿ ਹਉਮੈ ਤੇ ਅਧਾਰਤ ਹੈ। ਹਉਮੈ ਵਾਲੀ ਮਤਿ ਦਾ ਗੁਰਮਤਿ ਨਾਲ ਜੋੜ ਨਹੀਂ ਹੋ ਸਕਦਾ। ਆਪਾ ਭਾਵ ਗੁਆਉਣ ਤੋਂ ਬਿਨਾਂ ਗੁਰਮਤਿ ਦੀ ਸੋਝੀ ਕਿਵੇਂ ਆਵੇ? ਸੋ ਮਨ ਦੀ ਹੰਕਾਰੀ ਮਤਿ ਅਥਵਾ ਦੁਰਮਤਿ ਤਿਆਗ ਕੇ ਗੁਰੂ ਦੀ ਸ਼ਰਣ ਆਉਣ ਨਾਲ ਹੀ ਸੰਸਾਰ ਸਮੁੰਦਰ ਤੋਂ ਪਾਰ ਲੈ ਜਾਣ ਵਾਲੀ ਗੁਰਮਤਿ ਦੀ ਪ੍ਰਾਪਤੀ ਸੰਭਵ ਹੋ ਸਕਣੀ ਹੈ।

ਦੁਰਮਤਿ – ਦੂਜਾ ਭਾਉ

"ਇਕ" ਸਦਾ ਥਿਰ ਅਕਾਲ ਪੁਰਖ ਅਤੇ "ਦੂਜਾ" ਨਾਸ਼ਵੰਤ ਸੰਸਾਰ ਪਸਾਰਾ। ਪ੍ਰਭੂ ਪਿਆਰ ਤੋਂ ਬਿਨਾਂ ਹੋਰ ਸਾਰੇ ਮੋਹ ਦੂਜੇ ਹਨ। ਦੂਜੇ ਮੋਹ ਭਾਵ ਨਾਸ਼ਵੰਤ ਪਦਾਰਥਾਂ ਦੇ ਮੋਹ ਵਿੱਚ ਫਸਣਾ **"ਦੁਰਮਤਿ"** ਹੈ।

– ਸੂਹਵੀਏ ਸੂਹਾ ਸਭੁ ਸੰਸਾਰੁ ਹੈ ਜਿਨ ਦੁਰਮਤਿ ਦੂਜਾ ਭਾਉ॥
ਖਿਨ ਮਹਿ ਝੂਠੁ ਸਭੁ ਬਿਨਸਿ ਜਾਇ ਜਿਉ ਟਿਕੈ ਨ ਬਿਰਖ ਕੀ ਛਾਉ॥ (੭੮੬)

ਅਗਲੇ ਗੁਰੂ ਫੁਰਮਾਨ ਵਿੱਚ ਛੇਤੀ ਹੀ ਅਲੋਪ ਹੋ ਜਾਣ ਵਾਲੇ ਰੰਗ ਤਮਾਸ਼ਿਆਂ ਦਾ ਜ਼ਿਕਰ ਹੈ:

– ਗੀਤ ਰਾਗ ਘਨ ਤਾਲ ਸਿ ਕੂਰੇ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ॥
ਦੂਜੀ ਦੁਰਮਤਿ ਦਰਦੁ ਨ ਜਾਇ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ॥ (੮੩੨)

– ਰਈਅਤਿ ਰਾਜੇ ਦੁਰਮਤਿ ਦੋਈ॥ ਬਿਨੁ ਸਤਿਗੁਰ ਸੇਵੇ ਏਕੁ ਨ ਹੋਈ॥
ਏਕੁ ਧਿਆਇਨਿ ਸਦਾ ਸੁਖੁ ਪਾਇਨਿ ਨਿਹਚਲੁ ਰਾਜੁ ਤਿਨਾਹਾ ਹੇ॥ (੧੦੫੭)

– ਖਿਨ ਮਹਿ ਹਸੈ ਖਿਨ ਮਹਿ ਰੋਵੈ॥ ਦੂਜੀ ਦੁਰਮਤਿ ਕਾਰਜੁ ਨ ਹੋਵੈ॥

ਸੰਜੋਗੁ ਵਿਜੋਗੁ ਕਰਤੈ ਲਿਖਿ ਪਾਏ ਕਿਰਤੁ ਨ ਚਲੈ ਚਲਾਹਾ ਹੇ॥ (੧੦੫੮)

- ਦੁਬਿਧਾ ਦੁਰਮਤਿ ਅਧੁਲੀ ਕਾਰ॥ ਮਨਮੁਖਿ ਭਰਮੈ ਮਝਿ ਗੁਬਾਰ॥ (੧੧੯੦)

- ਦੂਜੀ ਦੁਰਮਤਿ ਆਖੈ ਦੋਇ॥ ਆਵੈ ਜਾਇ ਮਰਿ ਦੂਜਾ ਹੋਇ॥ (੨੨੩)

- ਦੂਜੀ ਦੁਰਮਤਿ ਅੰਨੀ ਬੋਲੀ॥ ਕਾਮ ਕ੍ਰੋਧ ਕੀ ਕਚੀ ਚੋਲੀ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ॥ (੧੦੨੨)

ਖੋਟੀ ਮਤਿ ਤੋਂ ਛੁਟਕਾਰਾ ਪਾ ਕੇ ਪ੍ਰਭੂ ਪਤੀ ਨਾਲ ਸਾਂਝ ਬਣਾ ਸਕਣ ਦਾ ਗਿਆਨ ਬਖ਼ਸ਼ਿਸ਼ ਕਰਨ ਦੀ ਕ੍ਰਿਪਾਲਤਾ:

- ਜਹ ਦੇਖਾ ਤਹ ਏਕੋ ਸੋਈ॥ ਦੂਜੀ ਦੁਰਮਤਿ ਸਬਦੇ ਖੋਈ॥
ਏਕਸੁ ਮਹਿ ਪ੍ਰਭੁ ਏਕੁ ਸਮਾਣਾ ਅਪਣੈ ਰੰਗਿ ਸਦ ਰਾਤਾ ਹੇ॥ (੧੦੫੧)

- ਸੰਤ ਪਗ ਧੋਈਐ ਹਾਂ॥ ਦੁਰਮਤਿ ਖੋਈਐ ਹਾਂ॥ ਦਾਸਹ ਰੇਨੁ ਹੋਇ ਹਾਂ॥
ਬਿਆਪੈ ਦੁਖੁ ਨ ਕੋਇ ਹਾਂ॥ ਭਗਤਾਂ ਸਰਨਿ ਪਰੁ ਹਾਂ॥ ਜਨਮਿ ਨ ਕਦੇ ਮਰੁ ਹਾਂ॥
ਅਸਥਿਰੁ ਸੇ ਭਏ ਹਾਂ॥ ਹਰਿ ਹਰਿ ਜਿਨ੍ ਜਪਿ ਲਏ ਮੇਰੇ ਮਨਾ॥ (੪੧੦)

ਦੁਰਮਤਿ ਮਦੁ ਜੋ ਪੀਵਤੇ

- ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ॥ ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ॥ (੩੯੯)

- ਊਂਧੋ ਕਵਲੁ ਸਗਲ ਸੰਸਾਰੈ॥ ਦੁਰਮਤਿ ਅਗਨਿ ਜਗਤ ਪਰਜਾਰੈ॥
ਸੋ ਉਬਰੈ ਗੁਰ ਸਬਦੁ ਬੀਚਾਰੈ॥ (੨੨੫)

- ਮਨਮੁਖ ਦੇਹੀ ਭਰਮੁ ਭਤਾਰੋ॥ ਦੁਰਮਤਿ ਮਰੈ ਨਿਤ ਹੋਇ ਖੁਆਰੋ॥
ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ॥ (੧੦੫੮)

- ਦੁਰਮਤਿ ਝੂਠੀ ਬੁਰੀ ਬੁਰਿਆਰਿ॥ ਅਉਗਣਿਆਰੀ ਅਉਗਣਿਆਰਿ॥
ਕਚੀ ਮਤਿ ਫੀਕਾ ਮੁਖਿ ਬੋਲੈ ਦੁਰਮਤਿ ਨਾਮੁ ਨ ਪਾਈ ਹੇ॥ (੧੦੪੭)

- ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁੋਭਾਨੁ॥ ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ॥
ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ॥ (੨੧)

- ਦੁਰਮਤਿ ਬਾਧਾ ਸਰਪਨਿ ਖਾਧਾ॥ ਮਨਮੁਖਿ ਖੋਇਆ ਗੁਰਮੁਖਿ ਲਾਧਾ॥
ਸਤਿਗੁਰੁ ਮਿਲੈ ਅੰਧੇਰਾ ਜਾਇ॥ ਨਾਨਕ ਹਉਮੈ ਮੇਟਿ ਸਮਾਇ॥ (੯੩੯)

- ਦੁਰਮਤਿ ਭਾਗਹੀਨ ਮਤਿ ਫੀਕੇ ਨਾਮੁ ਸੁਨਤ ਆਵੈ ਮਨਿ ਰੋਹੈ॥
ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ॥ (੪੯੩)

ਦੁਰਮਤਿ ਵਿੱਚ ਫਸੇ ਰਹਿਣ ਦੀ ਜਦ ਆਦਤ ਪੱਕ ਜਾਵੇ ਤਾਂ ਉਸ ਨੂੰ ਤਿਆਗਣਾ ਮਨੁੱਖ ਲਈ ਅਸੰਭਵ ਹੋ ਜਾਂਦਾ ਹੈ। ਪਰ ਯਾਦ ਰਹੇ ਭੈੜੀ ਆਦਤ ਤਿਆਗਣੀ ਅਸੰਭਵ ਨਹੀਂ ਮੁਸ਼ਕਲ ਜ਼ਰੂਰ ਹੈ। **“ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥”** (੪)

- ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥

ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥ (੧੩੭੮)

ਕਿਸੇ ਨੂੰ ਮਤਿ ਦੇਣ ਦੀ ਗੱਲ ਤਾਂ ਕੀਤੀ ਜਾਂਦੀ ਹੈ ਪਰ ਬੁੱਧ ਜਾਂ ਸਿਆਣਪ ਦੇਣ ਦੀ ਗੱਲ ਨਹੀਂ ਕੀਤੀ ਜਾਂਦੀ। ਫਰੀਦ ਸਾਹਿਬ ਨੇ ਵੀ ਮਤਿ ਦੇਣ ਦੀ ਗੱਲ ਕੀਤੀ ਹੈ। ਮਤਿ ਦੇ ਥਾਂ ਅਕਲ ਜਾਂ ਸੁਰਤਿ ਸ਼ਬਦ ਵਰਤਣਾ ਠੀਕ ਨਹੀਂ ਸਮਝਿਆ ਗਿਆ। ਨਿਸ਼ਚੇ ਹੀ ਸੁਰਤਿ ਮਤਿ ਅਤੇ ਬੁੱਧ ਅੱਡ-ਅੱਡ ਇੰਦਰੇ ਹਨ।

ਜਿਵੇਂ ਹਿੰਦੂਆਂ ਨੇ ਲੋਕਾਂ ਨੂੰ ਪੁੱਠੀਆਂ ਸਿੱਧੀਆਂ ਮੱਤਾਂ ਦੇਣ ਵਾਲਾ ਨਾਰਦ ਮੰਨਿਆ ਹੋਇਆ ਹੈ, ਏਸੇ ਤਰ੍ਹਾਂ ਈਸਾਈ ਅਤੇ ਇਸਲਾਮੀ ਵਿਸ਼ਵਾਸ ਅਨੁਸਾਰ ''ਸ਼ੈਤਾਨ'' ਮਨੁੱਖ ਨੂੰ ਪੁੱਠੇ ਰਾਹ ਪਾ ਕੇ ਰੱਬ ਤੋਂ ਦੂਰ ਕਰਦਾ ਰਹਿੰਦਾ ਹੈ। ਫਰੀਦ ਸਾਹਿਬ ਦਾ ਉਪ੍ਰੋਕਤ ਫੁਰਮਾਨ ਉਨ੍ਹਾਂ ਲਈ ਉਪਦੇਸ਼ ਹੈ ਜਿਹੜੇ ਮਨੁੱਖ ਪ੍ਰਮਾਤਮਾ ਨੂੰ ਭੁਲਾ ਕੇ ਵਿਕਾਰੀ ਬਣ ਗਏ ਹੋਏ ਹਨ, ਅਥਵਾ ਜੋ ਗੁਰੂ ਦੀ ਮਤਿ ਤਿਆਗ ਕੇ ਬੁਰੇ ਪਾਸੇ ਲੱਗੇ ਹੋਏ ਹਨ ਅਤੇ ਕਿਸੇ ਭਲੇ ਪੁਰਸ਼ਾਂ ਦੀ ਗੱਲ ਨਹੀਂ ਸੁਣਦੇ। ਇਸ ਦਾ ਇਹ ਅਰਥ ਨਹੀਂ ਹੈ ਕਿ ਬੁਰਾ ਮਨੁੱਖ ਬੁਰਿਆਈ ਤਿਆਗ ਕੇ ਨੇਕੀ ਦੇ ਰਸਤੇ ਤੇ ਆ ਹੀ ਨਹੀਂ ਸਕਦਾ। ਗੁਰੂ ਦੀ ਸ਼ਰਨ ਵਿੱਚ ਆਇਆਂ, ਦੁਸ਼ਟ ਆਤਮਾ ਮਨੁੱਖ ਵੀ ਮਨੁੱਖਤਾ ਦਾ ਸੇਵਾਦਾਰ ਬਣ ਸਕਦਾ ਹੈ। ਸਿੱਖ ਇਤਿਹਾਸ ਵਿੱਚ ਸੱਜਣ ਠੱਗ, ਕੌਡਾ ਰਾਖਸ਼, ਭਾਈ ਬਿਧੀ ਚੰਦ, ਭੂਮੀਆ ਚੋਰ ਆਦਿ ਕਈਆਂ ਦਾ ਜ਼ਿਕਰ ਹੈ ਜਿਹੜੇ ਸਤਿਗੁਰਾਂ ਦੀ ਮਿਹਰ ਦੀ ਨਜ਼ਰ ਪੈਣ ਨਾਲ ਆਪਣੀ ਪਹਿਲੀ ਭੈੜੀ ਵਾਦੀ ਤਿਆਗ ਕੇ ਉੱਚੀ ਆਤਮਿਕ ਅਵਸਥਾ ਦੇ ਮਾਲਕ ਬਣ ਗਏ:

- ਰੇ ਚਿਤ ਚੇਤਿ ਚੇਤ ਅਚੇਤ॥ ਕਾਹੇ ਨ ਬਾਲਮੀਕਹਿ ਦੇਖ॥
  ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥ਰਹਾਉ॥
  ਸੁਆਨ ਸਤ੍ਰੂ ਅਜਾਤੁ ਸਭ ਤੇ ਕ੍ਰਿਸ੍ਨ ਲਾਵੈ ਹੇਤੁ॥ ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ॥
  ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ॥
  ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ॥ (੧੧੨੪)

- ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ॥ ਸਤਿਗੁਰ ਮਿਲਿਐ ਮਤਿ ਊਪਜੈ ਤਾ ਇਹ ਸੋਝੀ ਪਾਇ॥
  ਹਰਿ ਕਥਾ ਤੂੰ ਸੁਣਿ ਰੇ ਮਨ ਸਬਦੁ ਮੰਨਿ ਵਸਾਇ॥
  ਇਹ ਮਤਿ ਤੇਰੀ ਥਿਰੁ ਰਹੈ ਤਾਂ ਭਰਮੁ ਵਿਚਹੁ ਜਾਇ॥ਰਹਾਉ॥ (੪੯੧)

ਦੁਰਮਤਿ ਮੈਲ ਗਈ ਭ੍ਰਮ ਭਾਗਾ

- ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ ਤੇ ਗੁਰ ਸੰਤੋਖ ਸਰਿ ਨਾਤੇ॥
  ਦੁਰਮਤਿ ਮੈਲੁ ਗਈ ਸਭ ਤਿਨ ਕੀ ਜੋ ਰਾਮ ਨਾਮ ਰੰਗਿ ਰਾਤੇ॥ (੧੬੯)

- ਗੁਰ ਕੀ ਬਾਣੀ ਨਾਮਿ ਵਜਾਏ॥ ਨਾਨਕ ਮਹਲੁ ਸਬਦਿ ਘਰੁ ਪਾਏ॥
  ਗੁਰਮਤਿ ਸਤ ਸਰਿ ਹਰਿ ਜਲਿ ਨਾਇਆ॥ ਦੁਰਮਤਿ ਮੈਲੁ ਸਭੁ ਦੁਰਤੁ ਗਵਾਇਆ॥ (੩੬੨)

- ਹਮਰਾ ਚਿਤੁ ਲੁਭਤ ਮੋਹਿ ਬਿਖਿਆ ਬਹੁ ਦੁਰਮਤਿ ਮੈਲੁ ਭਰਾ॥
  ਤੁਮ੍ਰੀ ਸੇਵਾ ਕਰਿ ਨ ਸਕਹ ਪ੍ਰਭ ਹਮ ਕਿਉ ਕਰਿ ਮੁਗਧ ਤਰਾ॥.....
  ਜਿਨ ਕਉ ਤੁਮ੍ ਹਰਿ ਮੇਲਹੁ ਸੁਆਮੀ ਤੇ ਨ੍ਾਏ ਸੰਤੋਖ ਗੁਰ ਸਰਾ॥
  ਦੁਰਮਤਿ ਮੈਲੁ ਗਈ ਹਰਿ ਭਜਿਆ ਜਨ ਨਾਨਕ ਪਾਰਿ ਪਰਾ॥ (੭੯੯)

- ਰਾਮ ਜਨਾ ਮਿਲਿ ਭਇਆ ਅਨੰਦਾ ਹਰਿ ਨੀਕੀ ਕਥਾ ਸੁਨਾਇ॥
  ਦੁਰਮਤਿ ਮੈਲੁ ਗਈ ਸਭ ਨੀਕਲਿ ਸਤਸੰਗਤਿ ਮਿਲਿ ਬੁਧਿ ਪਾਇ॥ (੮੮੦)

- ਵਡਭਾਗੀ ਗੁਰ ਦਰਸਨੁ ਪਾਇਆ ਗੁਰਿ ਮਿਲਿਐ ਹਰਿ ਪ੍ਰਭੁ ਜਾਤਾ॥

ਦੁਰਮਤਿ ਮੈਲੁ ਗਈ ਸਭੁ ਨੀਕਰਿ ਹਰਿ ਅੰਮ੍ਰਿਤਿ ਹਰਿ ਸਰਿ ਨਾਤਾ॥ (੯੮੪)

- ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥
ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ॥
ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ॥
ਜਨਮ ਮਰਣ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ॥ (੧੧੧੬)

- ਸੰਗਤਿ ਸੰਤ ਮਿਲਾਏ॥ ਹਰਿ ਸਰਿ ਨਿਰਮਲਿ ਨਾਏ॥
ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ॥
ਦੁਰਮਤਿ ਮੈਲੁ ਗਈ ਭ੍ਰਮੁ ਭਾਗਾ ਹਉਮੈ ਬਿਨਠੀ ਪੀਰਾ॥
ਨਦਰਿ ਪ੍ਰਭੂ ਸਤਸੰਗਤਿ ਪਾਈ ਨਿਜ ਘਰਿ ਹੋਆ ਵਾਸਾ॥
ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ॥ (੭੭੪)

- ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥
ਸਗਲ ਕ੍ਰਿਆ ਮਹਿ ਊਤਮ ਕਿਰਿਆ॥ ਸਾਧਸੰਗਿ ਦੁਰਮਤਿ ਮਲੁ ਹਿਰਿਆ॥ (੨੬੬)

- ਦਰਸਨ ਕਉ ਜਾਈਐ ਕੁਰਬਾਨੁ॥ ਚਰਨ ਕਮਲ ਹਿਰਦੈ ਧਰਿ ਧਿਆਨੁ॥
ਧੂਰਿ ਸੰਤਨ ਕੀ ਮਸਤਕਿ ਲਾਇ॥ ਜਨਮ ਜਨਮ ਕੀ ਦੁਰਮਤਿ ਮਲੁ ਜਾਇ॥ (੯੯੭)

ਦੁਰਮਤਿ ਜਾਇ ਪਰਮ ਪਦ ਪਾਏ

- ਜਿਸ ਨੋ ਲਾਇ ਲਏ ਸੋ ਲਾਗੈ॥ ਗਿਆਨ ਰਤਨੁ ਅੰਤਰਿ ਤਿਸੁ ਜਾਗੈ॥
ਦੁਰਮਤਿ ਜਾਇ ਪਰਮ ਪਦੁ ਪਾਏ॥ ਗੁਰ ਪਰਸਾਦੀ ਨਾਮੁ ਧਿਆਏ॥ (੭੩੭)

- ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ॥ ਸਤਿਗੁਰੁ ਭੇਟੈ ਮੋਖ ਦੁਆਰ॥
ਤਤੁ ਨ ਚੀਨੈ ਮਨਮੁਖੁ ਜਲਿ ਜਾਇ॥ ਦੁਰਮਤਿ ਵਿਛੁੜਿ ਚੋਟਾ ਖਾਇ॥
ਮਾਨੈ ਹੁਕਮੁ ਸਭੇ ਗੁਣ ਗਿਆਨ॥ ਨਾਨਕ ਦਰਗਹ ਪਾਵੈ ਮਾਨੁ॥ (੯੪੪)

- ਸਤਿਗੁਰਿ ਮਿਲਿਐ ਫਲੁ ਪਾਇਆ॥ ਜਿਨਿ ਵਿਚਹੁ ਅਹਕਰਣੁ ਚੁਕਾਇਆ॥
ਦੁਰਮਤਿ ਕਾ ਦੁਖੁ ਕਟਿਆ ਭਾਗੁ ਬੈਠਾ ਮਸਤਕਿ ਆਇ ਜੀਉ॥ (੭੨)

- ਜਹ ਦੇਖਾ ਤਹ ਏਕੋ ਸੋਈ॥ ਦੂਜੀ ਦੁਰਮਤਿ ਸਬਦੇ ਖੋਈ॥
ਏਕਸੁ ਮਹਿ ਪ੍ਰਭੁ ਏਕੁ ਸਮਾਣਾ ਅਪਣੈ ਰੰਗਿ ਸਦ ਰਾਤਾ ਹੇ॥ (੧੦੫੧)

- ਰੇਨੁ ਸੰਤਨ ਕੀ ਮੇਰੈ ਮੁਖਿ ਲਾਗੀ॥ ਦੁਰਮਤਿ ਬਿਨਸੀ ਕੁਬੁਧਿ ਅਭਾਗੀ॥
ਸਚ ਘਰਿ ਬੈਸਿ ਰਹੇ ਗੁਣ ਗਾਏ ਨਾਨਕ ਬਿਨਸੇ ਕੂਰਾ ਜੀਉ॥ (੧੦੦)

ਨੋਟ:- **"ਘੜੀਐ ਸੁਰਤਿ ਮਤਿ ਮਨਿ ਬੁਧਿ"** ਦੀ ਵਿਚਾਰ ਨੂੰ ਸੰਪੂਰਨ ਕਰਨ ਲਈ ਗੁਰਮਤਿ ਅਤੇ ਮਨ ਦੇ ਸਿਰਲੇਖ ਹੇਠ ਲਿਖੀਆਂ ਵਿਚਾਰਾਂ ਨੂੰ ਵੀ ਮਿਲਾ ਕੇ ਪੜ੍ਹਨਾ ਚਾਹੀਦਾ ਹੈ।